Punjabi

30 ਮਾਰਚ 2020

ਪਿਆਰੇ ਏਲਕ ਗ੍ਰੋਵ ਯੂਨੀਫਾਈਡ ਵਿਦਿਆਰਥੀਓ, ਮਾਪਿਓ ਅਤੇ ਪਰਿਵਾਰੋ:

ਜਿਵੇਂ ਕਿ ਅਸੀਂ ਰਿਮੋਟ ਅਤੇ ਆਨਲਾਈਨ ਪੜ੍ਹਾਈ ਕਰਵਾਉਣ ਲਈ ਤਿਆਰੀ ਕਰ ਰਹੇ ਹਾਂ, ਵਿਦਿਆਰਥੀਆਂ ਨੂੰ EGUSD ਡਿਸਟੈਂਸ ਲਰਨਿੰਗ ਪਲੇਟਫਾਰਮ ਤੱਕ ਆਨਲਾਈਨ ਪਹੁੰਚ ਲਈ ਇੱਕ ਕੰਪਿਊਟਰ ਕਿਸਮ ਦੇ ਡਿਵਾਈਸ ਅਤੇ ਇੱਕ ਇੰਟਰਨੈੱਟ ਕਨੈਕਸ਼ਨ ਦੀ ਲੋੜ ਹੋਏਗੀ। *ਤੁਹਾਡੇ ਕੋਲ ਇਸ ਸਮੇਂ ਘਰ ਵਿੱਚ ਜੋ ਡਿਵਾਈਸ ਹਨ ਜੋ ਇੰਟਰਨੈੱਟ ਨਾਲ ਕਨੈਕਟ ਕਰਦੇ ਹਨ, ਉਹ ਵਿਦਿਆਰਥੀ ਦੇ ਕੰਮ ਲਈ ਕਾਫ਼ੀ ਹੋਣੇ ਚਾਹੀਦੇ ਹਨ।* ਉਦਾਹਰਨ ਲਈ, ਤੁਹਾਡੇ ਡਿਵਾਈਸ ਕੋਈ Windows PC, Mac, Chromebook, Linux PC, ਜਾਂ iPad ਹੋ ਸਕਦੇ ਹਨ। 1 ਅਪ੍ਰੈਲ 2020 ਤੋਂ 9 ਅਪ੍ਰੈਲ, 2020 ਤੱਕ, EGUSD ਸਟਾਫ਼ ਉਹਨਾਂ ਵਿਦਿਆਰਥੀਆਂ ਨੂੰ Chromebooks ਚੈੱਕ-ਆਉਟ ਕਰੇਗਾ ਜਿਨ੍ਹਾਂ ਨੂੰ ਦੂਰੋਂ ਪੜ੍ਹਾਈ ਕਰਨ ਲਈ ਕਿਸੇ ਡਿਵਾਈਸ ਦੀ ਲੋੜ ਹੈ। **ਅਸੀਂ ਪਰਿਵਾਰਾਂ ਨੂੰ ਕਹਿ ਰਹੇ ਹਾਂ ਕਿ EGUSD Chromebook ਨੂੰ ਸਿਰਫ ਤਾਂ ਚੈੱਕ-ਆਉਟ ਕਰੋ ਜੇ ਤੁਹਾਨੂੰ ਇਸਦੀ ਸਚਮੁਚ ਲੋੜ ਹੈ।** ਜਿਹੜੀਆਂ Chromebook ਤੁਸੀਂ ਚੈੱਕ-ਆਉਟ ਕਰੋਗੇ ਉਹਨਾਂ ਨੂੰ ਕੰਮ ਕਰਨ ਲਈ ਇੰਟਰਨੈੱਟ ਕਨੈਕਟੀਵਿਟੀ ਦੀ ਲੋੜ ਹੋਵੇਗੀ।

---

**CHROMEBOOK ਚੈੱਕ-ਆਉਟ ਵੰਡ ਯੋਜਨਾ**

**Chromebook ਚੈੱਕ-ਆਉਟ ਕਰਨ ਲਈ ਤੁਹਾਨੂੰ ਕੀ ਜ਼ਰੂਰ ਲਿਆਉਣਾ ਚਾਹੀਦਾ ਹੈ:**

- ਡਿਵਾਈਸ ਪ੍ਰਾਪਤ ਕਰਨ ਲਈ ਵਿਦਿਆਰਥੀ ਨੂੰ ਕਾਰ ਵਿੱਚ ਮੌਜੂਦ ਹੋਣਾ ਚਾਹੀਦਾ ਹੈ - ਪ੍ਰਤੀ ਵਿਦਿਆਰਥੀ ਵੱਧ ਤੋਂ ਵੱਧ 1
- ਹਰੇਕ ਵਿਦਿਆਰਥੀ ਲਈ ਵਿਦਿਆਰਥੀ ਆਈਡੀ ਕਾਰਡ
    - ਜੇ ਤੁਹਾਡੇ ਕੋਲ ਵਿਦਿਆਰਥੀ ID ਕਾਰਡ ਨਹੀਂ ਹੈ, ਤਾਂ ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਵਿਦਿਆਰਥੀ ID ਨੰਬਰ ਅਤੇ ਅਧਿਆਪਕ(ਕਾਂ) ਦਾ ਨਾਮ ਜਾਣਦੇ ਹੋ

**ਤੈਨਾਤੀ ਦੀ ਤਾਰੀਖ**

- 1 ਅਪ੍ਰੈਲ 2020 - 9 ਅਪ੍ਰੈਲ 2020

**ਚੈੱਕ-ਆਉਟ ਪ੍ਰਕਿਰਿਆ**

ਕਾਉਂਟੀ ਅਤੇ ਰਾਜ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ, ਅਸੀਂ ਤੁਹਾਡੇ ਬੱਚੇ ਦੇ ਨਾਮ ਦੇ ਆਖਰੀ ਹਿੱਸੇ ਦੇ ਪਹਿਲੇ ਅੱਖਰ ਦੇ ਅਧਾਰ 'ਤੇ ਇੱਕ ਡ੍ਰਾਇਵ ਥਰੂ ਤਰੀਕੇ ਦੀ ਚੈੱਕ-ਆਉਟ ਪ੍ਰਣਾਲੀ ਦੀ ਵਰਤੋਂ ਕਰਾਂਗੇ। Chromebooks ਦੀ ਚੈੱਕ-ਆਉਟ ਪ੍ਰਕਿਰਿਆ ਦੋ ਪੜਾਵਾਂ ਵਿੱਚ ਕੀਤੀ ਜਾਵੇਗੀ: ਇੱਕ ਗ੍ਰੇਡ 7-12 ਲਈ ਅਤੇ ਇੱਕ ਗ੍ਰੇਡ 1-6 ਲਈ। Chromebook ਚੈੱਕ-ਆਉਟ ਸੇਵਾ ਹਰੇਕ ਵਿਆਪਕ ਹਾਈ ਸਕੂਲ ਵਿਖੇ ਹੋਵੇਗੀ (ਹੇਠਾਂ ਦੇਖੋ)। ਜੇ ਤੁਹਾਨੂੰ ਕਿਸੇ Chromebook ਨੂੰ ਚੈੱਕ-ਆਉਟ ਕਰਨ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਹੀ ਸਮੇਂ 'ਤੇ ਆਪਣੇ ਖੇਤਰੀ ਹਾਈ ਸਕੂਲ ਜਾਓ।

**ਸਥਾਨ (ਖੇਤਰੀ ਹਾਈ ਸਕੂਲ)**

- Cosumnes Oaks High School (ਕੋਸੁਮਨੇਸ ਓਕਸ ਹਾਈ ਸਕੂਲ), Elk Grove High School (ਏਲਕ ਗ੍ਰੋਵ ਹਾਈ ਸਕੂਲ), Florin High School (ਫਲੋਰਿਨ ਹਾਈ ਸਕੂਲ), Franklin High School (ਫਰੈਂਕਲਿਨ ਹਾਈ ਸਕੂਲ), Laguna Creek High School (ਲਗੂਨਾ ਕ੍ਰੀਕ ਹਾਈ ਸਕੂਲ), Monterey Trail High School (ਮੌਂਟੇਰੀ ਟ੍ਰੇਲ ਹਾਈ ਸਕੂਲ), Pleasant Grove High School (ਪਲੀਜੈਂਟ ਗ੍ਰੋਵ ਹਾਈ ਸਕੂਲ), Sheldon High School (ਸ਼ੈਲਡਨ ਹਾਈ ਸਕੂਲ) ਅਤੇ Valley High School (ਵੈਲੀ ਹਾਈ ਸਕੂਲ)।

**ਵਿਕਲਪਕ ਸਿੱਖਿਆ ਦੇ ਵਿਦਿਆਰਥੀ ਸੈਕੰਡਰੀ ਕਾਰਜਕ੍ਰਮ ਅਨੁਸਾਰ ਹੇਠ ਲਿਖੀਆਂ ਥਾਂਵਾਂ 'ਤੇ ਰਿਪੋਰਟ ਕਰ ਸਕਦੇ ਹਨ:**

- *William Daylor High School (ਵਿਲੀਅਮ ਡੇਲਰ ਹਾਈ ਸਕੂਲ): Florin High School (ਫਲੋਰਿਨ ਹਾਈ ਸਕੂਲ) ਵਿਖੇ ਚੈੱਕ-ਆਉਟ ਕਰੋ*
- *Calvine High School (ਕੈਲਵਿਨ ਹਾਈ ਸਕੂਲ): Monterey Trail High School (ਮੌਂਟੇਰੀ ਟ੍ਰੇਲ ਹਾਈ ਸਕੂਲ) ਵਿਖੇ ਚੈੱਕ-ਆਉਟ ਕਰੋ*
- *Las Flores & Rio Cazadero High School (ਲਾਸ ਫਲੋਰੇਸ ਅਤੇ ਰੀਓ ਕਾਜ਼ਾਦੀਰੋ ਹਾਈ ਸਕੂਲ): Valley High School (ਵੈਲੀ ਹਾਈ ਸਕੂਲ) ਵਿਖੇ ਚੈੱਕ-ਆਉਟ ਕਰੋ*

Punjabi

**CHROMEBOOK ਨੂੰ ਚੈੱਕ-ਆਉਟ ਕਰਨ ਲਈ ਸਮਾਂ ਅਤੇ ਤਾਰੀਖ:**

**ਸੈਕੰਡਰੀ ਵਿਦਿਆਰਥੀਆਂ (ਗ੍ਰੇਡ 7-12) ਲਈ ਕਾਰਜਕ੍ਰਮ**

| | ਗ੍ਰੇਡ | ਆਖਰੀ ਨਾਮ ਦਾ ਪਹਿਲਾ ਅੱਖਰ **A – L** | ਆਖਰੀ ਨਾਮ ਦਾ ਪਹਿਲਾ ਅੱਖਰ **M-Z** |
|---|---|---|---|
| 1 ਅਪ੍ਰੈਲ | 12 ਅਤੇ 11 | ਸਵੇਰੇ 9:00 - 1:00 ਵਜੇ | ਦੁਪਹਿਰ 1:30 - ਸ਼ਾਮ 6:00 ਵਜੇ |
| 2 ਅਪ੍ਰੈਲ | 10 ਅਤੇ 9 | ਸਵੇਰੇ 9:00 - 1:00 ਵਜੇ | ਦੁਪਹਿਰ 1:30 - ਸ਼ਾਮ 6:00 ਵਜੇ |
| 3 ਅਪ੍ਰੈਲ | 8 ਅਤੇ 7 | ਸਵੇਰੇ 9:00 - 1:00 ਵਜੇ | ਦੁਪਹਿਰ 1:30 - ਸ਼ਾਮ 6:00 ਵਜੇ |

***ਇਹ ਸਿਰਫ ਸੈਕੰਡਰੀ ਵਿਦਿਆਰਥੀਆਂ ਲਈ ਹੈ।*** *ਜੇ ਸੈਕੰਡਰੀ ਵਿੱਚ ਤੁਹਾਡੇ ਇੱਕ ਤੋਂ ਵੱਧ ਵਿਦਿਆਰਥੀ ਹਨ, ਤਾਂ ਕਿਰਪਾ ਕਰਕੇ ਆਪਣੇ ਸਭ ਤੋਂ ਵੱਡੇ ਬੱਚੇ ਦੀ ਸਮੇਂ ਸਲਾਟ 'ਤੇ ਆਓ। ਜੇ ਤੁਹਾਡਾ ਬੱਚਾ ਸੈਕੰਡਰੀ ਅਤੇ ਐਲੀਮੈਂਟਰੀ ਵਿੱਚ ਹੈ, ਤਾਂ ਤੁਹਾਨੂੰ ਉਪਰੋਕਤ ਸਮੇਂ ਦੌਰਾਨ ਸੈਕੰਡਰੀ ਲਈ ਆਉਣ, ਅਤੇ ਫਿਰ ਐਲੀਮੈਂਟਰੀ ਸਮਾਂ-ਸਲਾਟ 'ਤੇ ਦੁਬਾਰਾ ਆਉਣ ਦੀ ਲੋੜ ਹੋਵੇਗੀ।*

**ਐਲੀਮੈਂਟਰੀ ਵਿਦਿਆਰਥੀਆਂ (ਗ੍ਰੇਡ 1-6) ਲਈ ਕਾਰਜਕ੍ਰਮ**

| | ਗ੍ਰੇਡ | ਆਖਰੀ ਨਾਮ ਦਾ ਪਹਿਲਾ ਅੱਖਰ **A – L** | ਆਖਰੀ ਨਾਮ ਦਾ ਪਹਿਲਾ ਅੱਖਰ **M-Z** |
|---|---|---|---|
| 7 ਅਪ੍ਰੈਲ | 6 ਅਤੇ 5 | ਸਵੇਰੇ 9:00 - 1:00 ਵਜੇ | ਦੁਪਹਿਰ 1:30 - ਸ਼ਾਮ 6:00 ਵਜੇ |
| 8 ਅਪ੍ਰੈਲ | 4 ਅਤੇ 3 | ਸਵੇਰੇ 9:00 - 1:00 ਵਜੇ | ਦੁਪਹਿਰ 1:30 - ਸ਼ਾਮ 6:00 ਵਜੇ |
| 9 ਅਪ੍ਰੈਲ | 2 ਅਤੇ 1 | ਸਵੇਰੇ 9:00 - 1:00 ਵਜੇ | ਦੁਪਹਿਰ 1:30 - ਸ਼ਾਮ 6:00 ਵਜੇ |

*ਇਹ ਸਿਰਫ ਐਲੀਮੈਂਟਰੀ ਵਿਦਿਆਰਥੀਆਂ ਲਈ ਹੈ। ਜੇ ਐਲੀਮੈਂਟਰੀ ਵਿੱਚ ਤੁਹਾਡੇ ਇੱਕ ਤੋਂ ਵੱਧ ਵਿਦਿਆਰਥੀ ਹਨ, ਤਾਂ ਕਿਰਪਾ ਕਰਕੇ ਆਪਣੇ ਸਭ ਤੋਂ ਵੱਡੇ ਬੱਚੇ ਦੀ ਸਮੇਂ ਸਲਾਟ 'ਤੇ ਆਓ।*

** ਜੇਸੀ ਬੇਕਰ (Jessie Baker) ਅਤੇ ਏਲਕ ਗ੍ਰੋਵ ਚਾਰਟਰ ਦੇ ਵਿਦਿਆਰਥੀ ਡਿਵਾਈਸਾਂ ਤਕ ਪਹੁੰਚਣ ਲਈ ਆਪਣੇ ਸਕੂਲ ਦੀ ਪ੍ਰਕਿਰਿਆ ਦੀ ਪਾਲਣਾ ਕਰਨਗੇ।*

**ਇੰਟਰਨੈੱਟ ਕਨੈਕਟਿਵਿਟੀ**

ਜੇ ਤੁਹਾਡੇ ਕੋਲ ਘਰ ਵਿੱਚ ਇੰਟਰਨੈੱਟ ਕਨੈਕਟੀਵਿਟੀ ਨਹੀਂ ਹੈ, ਤਾਂ EGUSD ਉਹਨਾਂ ਪਰਿਵਾਰਾਂ ਲਈ ਹੋਟ-ਸਪੋਟ ਪ੍ਰਾਪਤ ਕਰਨ ਲਈ, ਜਿਨ੍ਹਾਂ ਨੂੰ ਇਸਦੀ ਲੋੜ ਹੈ, T-Mobile ਨਾਲ ਕੰਮ ਕਰ ਰਿਹਾ ਹੈ। ਇਹ ਹੌਟ-ਸਪੌਟ ਸਿਰਫ EGUSD Chromebooks ਨਾਲ ਕੰਮ ਕਰਨਗੇ। ਇਸ ਮਹਾਂਮਾਰੀ ਦੇ ਦੌਰਾਨ ਉਸ ਸੰਖਿਆ ਵਿੱਚ ਹੋਟ-ਸਪੋਟ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ, ਜਿੰਨੀ ਕਿ ਸਾਨੂੰ ਲੋੜ ਹੈ। ਇਸ ਬਾਰੇ 'ਤੇ ਹੋਰ ਜਾਣਕਾਰੀ ਜਲਦੀ ਆਵੇਗੀ।

ਯੋਗ ਪਰਿਵਾਰਾਂ ਲਈ ਛੂਟ ਵਾਲੀਆਂ ਇੰਟਰਨੈੱਟ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੇ ਸਪਲਾਇਰਾਂ ਦੀ ਸੂਚੀ ਇਹ ਹੈ:

- Comcast ਤੋਂ Internet Essentials: https://www.internetessentials.com/
- AT&T ਤੋਂ Access: https://www.att.com/shop/internet/access/#!/
- Consolidated Communications: https://www.consolidated.com/about-us/locations/california
- T-Mobile: https://www.t-mobile.com/
- Verizon: https://www.verizonwireless.com/

ਖੇਤਰ ਦੇ ਦੂਜੇ ਪ੍ਰਦਾਤਾ:

- Frontier Communications: https://frontier.com/

---

ਇਸ ਚੁਣੌਤੀ ਭਰੇ ਸਮੇਂ ਦੌਰਾਨ ਤੁਹਾਡੇ ਸਮਰਥਨ ਅਤੇ ਸਬਰ ਲਈ ਧੰਨਵਾਦ। ਏਲਕ ਗ੍ਰੋਵ ਯੂਨੀਫਾਈਡ ਵਿੱਚ, ਅਸੀਂ ਹਰੇਕ Google Classroom ਵਿੱਚ ਹਰੇਕ ਵਿਦਿਆਰਥੀ ਨੂੰ, ਹਰ ਵਿਸ਼ਾ, ਹਰ ਰੋਜ਼ ਪੜ੍ਹਦੇ ਹੋਏ ਦੇਖਣਾ ਚਾਹੁੰਦੇ ਹਾਂ। ਉੱਚ-ਪੱਧਰ ਦੀ ਪੜ੍ਹਾਈ, ਨਿਗਰਾਨੀ ਅਤੇ ਵਿਦਿਆਰਥੀ ਦੀ ਤਰੱਕੀ ਦਾ ਮੁਲਾਂਕਣ, ਵਿਦਿਆਰਥੀ ਅਤੇ ਸਟਾਫ਼ ਦੀ ਤੰਦਰੁਸਤੀ ਅਤੇ ਪਰਿਵਾਰ ਅਤੇ ਭਾਈਚਾਰੇ ਦੀ ਸ਼ਮੂਲੀਅਤ ਲਈ ਸਾਡੇ ਟੀਚੇ, ਅਤੇ ਨਾਲ ਹੀ ਪ੍ਰਾਪਤੀ ਦੇ ਫਾਸਲੇ ਨੂੰ ਘਟਾਉਣਾ ਦਾ ਸਾਡਾ ਵਾਇਦਾ ਜਾਰੀ ਰਹਿਣਗੇ। ਅਸੀਂ ਇਕੱਠੇ ਮਿਲ ਕੇ ਇਸ ਨੂੰ ਪਾਰ ਕਰ ਲਵਾਂਗੇ।

EGUSD ਲੀਡਰਸ਼ਿਪ